

# Centering Communities of Color Coordinating Team(ਸੈਂਟਰਿੰਗ ਕਮਿਊਨਿਟੀਜ਼ ਆਫ਼ ਕਲਰ ਕੋਆਰਡੀਨੇਟਿੰਗ ਟੀਮ) ਅਰਜ਼ੀ 2022-2023

**ਪਿਛੋਕੜ**: 2021 ਵਿੱਚ, [Centering Communities of Color Coordinating Team (ਸੈਂਟਰਿੰਗ ਕਮਿਊਨਿਟੀਜ਼ ਆਫ਼ ਕੋਆਰਡੀਨੇਟਿੰਗ ਟੀਮ, CCC)] ਇੱਕ 3 ਸਾਲਾਂ ਦੀ ਪਹਿਲਕਦਮੀ ਹੈ ਜਿਸਦੀ ਸਿਰਜਣਾ Bellevue ਸਿਟੀ ਦੇ ਵਿਭਿੰਨ ਲਾਭ ਪਲਾਨ ਵਿੱਚ ਕਮਿਊਨਿਟੀ ਦੇ ਮੈਂਬਰਾਂ ਨੂੰ ਸ਼ਾਮਲ ਕਰਨ, ਵਿਭਿੰਨ ਕਮਿਊਨਿਟੀਆਂ ਅਤੇ Bellevue ਸਿਟੀ ਵਿਚਕਾਰ ਸੰਬੰਧਾਂ ਵਿੱਚ ਸਹਿਯੋਗ ਅਤੇ ਮਾਰਗ ਦਰਸ਼ਨ ਕਰਨ ਲਈ ਕੀਤੀ ਗਈ ਸੀ। ਸੈਂਟਰਸ ਕਮਿਊਨਿਟੀਜ਼ ਆਫ਼ ਕਲਰ ਪਹਿਲਕਦਮੀ ਇੱਕ ਪਰਿਵਰਤਨਸ਼ੀਲ ਪ੍ਰਕਿਰਿਆ ਹੈ ਜਿਸਦੇ ਦੁਆਰਾ Bellevue ਰੰਗ ਦੇ ਲੋਕਾਂ ਲਈ ਨਾਗਰਿਕ ਭਾਗੀਦਾਰੀ ਵਿੱਚ ਪ੍ਰਣਾਲੀਗਤ ਰੁਕਾਵਟਾਂ ਨੂੰ ਪਛਾਣਦਾ ਹੈ ਅਤੇ ਉਨ੍ਹਾਂ ਦਾ ਉਦੇਸ਼ ਰੱਖਦਾ ਹੈ।

**CCC ਦਾ ਉਦੇਸ਼**: CCC ਇੱਕ ਸਿਟੀ ਮੈਨੇਜਰ ਵੱਲੋਂ ਨਿਯੁਕਤ ਕੀਤਾ ਸਲਾਹਕਾਰੀ ਬੋਰਡ ਹੈ ਜੋ ਕਿ ਸਿਟੀ ਕਾਉਂਸਲ ਨੂੰ ਸਲਾਹ ਦੇਣ ਵਿੱਚ ਕਮਿਊਨਿਟੀ ਮੁਹਾਰਤ ਅਤੇ ਅਗਵਾਈ ਦੀ ਵਰਤੋਂ ਕਰਦਾ ਹੈ। CCC, Bellevue ਸਿਟੀ ਦੀ ਸੰਚਾਰ ਕਰਨ, ਸਹਿਯੋਗ ਕਰਨ ਅਤੇ Bellevue ਦੇ ਵਿਭਿੰਨ ਲੋਕਾਂ ਦੀ ਕਮਿਊਨਿਟੀ ਦੀ ਬਿਹਤਰ ਸੇਵਾ ਕਰਨ ਦੀ ਯੋਗਤਾ ਵਿੱਚ ਸੁਧਾਰ ਕਰਨ ਲਈ ਸਲਾਹ ਅਤੇ ਸਹਾਇਤਾ ਪ੍ਰਦਾਨ ਕਰੇਗਾ। ਸੰਭਾਵੀ ਮੈਂਬਰ CCC ਇਸਦੇ ਦੁਆਰਾ ਇਨ੍ਹਾਂ ਰੁਕਾਵਟਾਂ ਨੂੰ ਸਮਾਪਤ ਕਰਨ ਲਈ ਤਿੰਨ-ਪੱਧਰੀ ਪਹੁੰਚ ਦੀ ਅਗਵਾਈ ਅਤੇ ਮਾਰਗਦਰਸ਼ਨ ਕਰਨਗੇ...

1) ਸੰਵਾਦ ਰਾਹੀਂ ਵਿਸ਼ਵਾਸ ਅਤੇ ਜਾਗਰੂਕਤਾ ਦਾ ਵਿਕਾਸ ਕਰਨਾ;
2) ਸਿੱਖਿਆ ਅਤੇ ਸਿਖਲਾਈ ਦੁਆਰਾ ਨਸਲੀ ਸਾਖਰਤਾ ਅਤੇ ਹੁਨਰ ਦਾ ਨਿਰਮਾਣ; ਅਤੇ
3) ਸਹਿ-ਰਚਨਾ ਸਿਫ਼ਾਰਸ਼ਾਂ ਅਤੇ ਕਾਰਵਾਈਆਂ ਜੋ ਸਾਡੇ ਭਾਈਚਾਰੇ ਵਿੱਚ ਨਸਲੀ ਬਰਾਬਰੀ ਨੂੰ ਅੱਗੇ ਵਧਾਉਣਗੇ।

ਵਧੇਰੇ ਜਾਣਕਾਰੀ ਲਈ, ਇੱਥੇ ਕਲਿੱਕ ਕਰੋ (https://bellevuewa.gov/city-government/departments/city-managers-office/diversity-advantage-initiative/centering-communities-of-color)

## CCC ਟੀਮ ਦੀ ਰਚਨਾ

CCC ਟੀਮ 11 ਕਮਿਊਨਿਟੀ ਮੈਂਬਰਾਂ ਦੀ ਬਣੀ ਹੋਵੇਗੀ ਜੋ ਕਿ Bellevue ਵਿੱਚ ਰਹਿੰਦੇ ਜਾਂ ਕੰਮ ਕਰਦੇ ਹਨ, ਜੋ ਕਾਲਿਆਂ, ਸਵਦੇਸ਼ੀ, ਲਾਤੀਨੀ, ਏਸ਼ੀਆਈ ਅਤੇ ਪੈਸੀਫਿਕ ਆਈਲੈਂਡਰ ਪਛਾਣਾਂ ਦੀ ਨੁਮਾਇੰਦਗੀ ਕਰਦੇ ਹਨ।

CCC ਵਿਭਿੰਨ, ਇੰਟਰਸੈਕਸ਼ਨਲ ਪਛਾਣਾਂ ਦੇ ਮੈਂਬਰਾਂ ਨੂੰ ਸ਼ਾਮਲ ਕਰਨ ਦਾ ਸੁਆਗਤ ਕਰਦਾ ਹੈ ਅਤੇ ਤਰਜੀਹ ਦਿੰਦਾ ਹੈ ਜਿਵੇਂ ਕਿ (ਪਰ ਇੱਥੋਂ ਤੱਕ ਸੀਮਤ ਨਹੀਂ):

- ਹੋਰ ਵਿਭਿੰਨ ਖੇਤਰਾਂ ਦੇ ਵਿੱਚ ਨੌਜਵਾਨਾਂ, ਘੱਟ ਗਿਣਤੀ ਵਾਲਿਆਂ ਦੀ ਅਤੇ ਔਰਤਾਂ ਦੀ ਮਲਕੀਅਤ ਵਾਲੇ ਵਪਾਰ, ਉੱਦਮਤਾ, ਸਿੱਖਿਆ ਸਮੇਤ ਪ੍ਰਤੀਨਿਧਤਾ
- ਵੱਖੋ-ਵੱਖਰੇ ਧਰਮਾਂ ਦੇ ਅਤੇ ਧਾਰਮਿਕ ਪ੍ਰਥਾਵਾਂ ਦੇ ਮੈਂਬਰ, ਉਨ੍ਹਾਂ ਨੂੰ ਤਰਜੀਹ ਦਿੰਦੇ ਹੋਏ ਜਿਨ੍ਹਾਂ ਨੂੰ ਇਤਿਹਾਸਕ ਤੌਰ 'ਤੇ ਬਾਹਰ ਰੱਖਿਆ ਗਿਆ ਹੈ ਜਾਂ ਵਿਤਕਰਾ ਕੀਤਾ ਗਿਆ ਹੈ
- ਲੈਸਬੀਅਨ, ਗੇਅ, ਬਾਇਸੈਕਸੁਅਲ, ਟਰਾਂਸਜੈਂਡਰ, ਅਜੀਬ, ਇੰਟਰਸੈਕਸ, ਅਸੈਕਸੁਅਲ / ਅਜੈਂਡਰ (LGBTQIA+) ਦੀ ਇੰਟਰਸੈਕਸ਼ਨਲ ਪਛਾਣ
- ਪ੍ਰਵਾਸੀ ਅਤੇ ਸ਼ਰਨਾਰਥੀ ਪਿਛੋਕੜ ਅਤੇ ਅਨੁਭਵ ਦੇ ਨਾਲ ਇੰਟਰਸੈਕਸ਼ਨੈਲਿਟੀ
- ਸੀਮਤ ਅੰਗਰੇਜ਼ੀ ਮੁਹਾਰਤ
- ਅਪਾਹਜਤਾ ਦੇ ਨਾਲ ਰੰਗਦਾਰ ਲੋਕਾਂ ਦੀ ਇੰਟਰਸੈਕਸ਼ਨਲ ਅਤੇ ਤਰਜੀਹ

## ਘੱਟੋ-ਘੱਟ ਲੋੜਾਂ

- ਕੰਮ ਕਰੋ, ਸਕੂਲ ਜਾਓ ਜਾਂ Bellevue ਵਿੱਚ ਰਹੋ
- ਇੱਕ ਅਰਜ਼ੀ ਅਤੇ ਛੋਟੇ ਜਵਾਬ ਵਾਲੇ ਸਵਾਲਾਂ ਨੂੰ ਪੂਰਾ ਕਰੋ
- ਸੱਭਿਆਚਾਰਕ ਸੰਬੰਧ ਹੋਣੇ ਚਾਹੀਦੇ ਹਨ ਅਤੇ ਸ਼ਹਿਰ ਦੀ ਵੱਖ-ਵੱਖ ਲੋਕਾਂ ਦੀ ਆਬਾਦੀ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ
- ਕਮਿਊਨਿਟੀ ਨੂੰ ਮਜ਼ਬੂਤ ਕਰਨ ਲਈ ਸੱਭਿਆਚਾਰਕ ਪਾੜਿਆਂ ਨੂੰ ਪੂਰਾ ਕਰਨ ਵਿੱਚ ਇੱਛਾ, ਉਤਸੁਕਤਾ, ਅਤੇ ਦਿਲਚਸਪੀ ਰੱਖਣਾ
- ਔਨਬੋਰਡਿੰਗ ਇਵੈਂਟਾਂ, ਨਿਯਮਤ ਮੀਟਿੰਗਾਂ, ਰਿਟਰੀਟ ਅਤੇ/ਜਾਂ ਕਮੇਟੀ ਮੀਟਿੰਗਾਂ ਵਿੱਚ ਸ਼ਾਮਲ ਹੋਵੋ
- ਘੱਟੋ-ਘੱਟ 12 ਮਹੀਨਿਆਂ ਦੀ ਕੋਆਰਡੀਨੇਟਿੰਗ ਟੀਮ ਨਾਲ ਮੁਲਾਕਾਤ ਲਈ ਵਚਨਬੱਧ ਰਹੋ
- Bellevue ਸਿਟੀ ਵਿਖੇ ਕਰਮਚਾਰੀ ਨਹੀਂ ਹੋਣਾ ਚਾਹੀਦਾ
- ਹਰ ਮਹੀਨੇ ਘੱਟੋ-ਘੱਟ ਛੇ ਘੰਟੇ ਵਲੰਟੀਅਰ ਬਣਨਾ, ਜਿਸ ਵਿੱਚ ਹਰ ਮਹੀਨੇ ਦੇ ਆਖਰੀ ਵੀਰਵਾਰ ਨੂੰ ਜਨਰਲ ਨੈੱਟਵਰਕ ਮੈਂਬਰ ਅਤੇ ਮਹੀਨਾਵਾਰ ਸਬ-ਕਮੇਟੀ ਮੀਟਿੰਗਾਂ ਵੀ ਸ਼ਾਮਲ ਹਨ; ਲਾਜ਼ਮੀ ਤੌਰ 'ਤੇ ਇੱਕ-ਸਾਲ ਦੀ ਮਿਆਦ ਲਈ ਸੇਵਾ ਦੇਣ ਦੇ ਯੋਗ ਹੋਣਾ ਚਾਹੀਦਾ ਹੈ।

## ਆਦਰਸ਼ ਯੋਗਤਾਵਾਂ

- **ਵਿਭਿੰਨਤਾ, ਬਰਾਬਰਤਾ ਅਤੇ ਸ਼ਮੂਲੀਅਤ ਦਾ ਤਾਲਮੇਲ**: ਤੁਹਾਡੇ ਮੁੱਖ ਵਿਸ਼ਵਾਸਾਂ ਨੂੰ ਸਪੱਸ਼ਟ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ ਅਤੇ ਸਾਡੇ ਸ਼ਹਿਰ ਦੇ ਮੁੱਲਾਂ ਅਤੇ ਵਿਭਿੰਨਤਾ, ਨਿਰਪੱਖਤਾ ਅਤੇ ਸ਼ਮੂਲੀਅਤ ਪ੍ਰਤੀ ਵਚਨਬੱਧਤਾ ਦੇ ਕਥਨ ਦਾ ਸਮਰਥਨ ਕਰਨਾ ਚਾਹੀਦਾ ਹੈ।
- **ਅਨੁਭਵ ਨਾਲ ਸੰਚਾਲਿਤ**: ਹੰਡਾਏ ਅਨੁਭਵਾਂ ਤੋਂ ਇਲਾਵਾ, ਤੁਹਾਡੇ ਕੋਲ ਕਾਲੇ, ਸਵਦੇਸ਼ੀ ਅਤੇ ਰੰਗੀਨ ਭਾਈਚਾਰਿਆਂ ਦੇ ਲੋਕਾਂ ਵਿੱਚ ਸਕਾਰਾਤਮਕ ਤਬਦੀਲੀ ਦਾ ਸਮਰਥਨ ਕਰਨ ਦੇ ਲਈ ਇੱਕ ਨਿੱਜੀ ਵਚਨਬੱਧਤਾ ਅਤੇ ਜਨੂੰਨ ਹੈ। ਤੁਹਾਡੇ ਕੋਲ ਭਾਈਚਾਰਕ ਲੀਡਰਸ਼ਿਪ ਦਾ ਮਜ਼ਬੂਤ ਅਨੁਭਵ ਹੈ ਅਤੇ ਸ਼ਹਿਰ ਦੇ ਕਾਲੇ, ਸਵਦੇਸ਼ੀ ਅਤੇ ਰੰਗੀਨ ਭਾਈਚਾਰਿਆਂ ਦੇ ਲੋਕਾਂ ਨਾਲ ਸਬੰਧ ਬਣਾਉਣ ਅਤੇ ਵਕਾਲਤ ਸੰਬੰਧੀ ਕੰਮ ਕਰਨ ਦਾ ਇਤਿਹਾਸ ਹੈ।
- **ਸਮਾਜਿਕ ਨਿਆਂ ਢਾਂਚਾ**: ਤੁਹਾਡੇ ਕੋਲ ਸਮਾਜ ਦਾ ਇੱਕ ਦ੍ਰਿਸ਼ਟੀਕੋਣ ਹੈ ਜਿਸ ਵਿੱਚ ਸਰੋਤਾਂ ਦੀ ਵੰਡ ਬਰਾਬਰ ਹੈ ਅਤੇ ਇਸ ਵਿੱਚ ਦੂਜਿਆਂ ਅਤੇ ਸਮਾਜ ਪ੍ਰਤੀ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਸ਼ਾਮਲ ਹੈ।
- **ਨੀਤੀ/ਵਕਾਲਤ ਸੰਬੰਧੀ ਹੁਨਰ**: ਤੁਹਾਡੇ ਕੋਲ ਸੰਕਟਕਾਲੀਨ ਵਕਾਲਤ ਅਤੇ ਨੀਤੀ ਸੰਬੰਧੀ ਹੁਨਰਾਂ ਦਾ ਬਲ ਹੈ ਜੋ ਸੰਸਥਾਗਤ ਅਤੇ ਸਮਾਜਿਕ ਪੁਨਰਗਠਨ ਦਾ ਸਮਰਥਨ ਕਰਦਾ ਹੈ।
- **ਅਨੁਕੂਲ ਅਤੇ ਪਰਿਵਰਤਨਸ਼ੀਲ ਲੀਡਰਸ਼ਿਪ**: ਤੁਹਾਡੇ ਕੋਲ ਕੀਮਤੀ ਅਤੇ ਸਕਾਰਾਤਮਕ ਤਬਦੀਲੀ ਲਿਆ ਕੇ ਸੰਸਥਾਵਾਂ ਨੂੰ ਚੁਣੌਤੀਪੂਰਨ ਵਾਤਾਵਰਣਾਂ ਵਿੱਚ ਅਨੁਕੂਲ ਬਣਾਉਣ ਅਤੇ ਪ੍ਰਫੁੱਲਤ ਹੋਣ ਵਿੱਚ ਮਦਦ ਕਰਨ ਦੇ ਹੁਨਰ ਹਨ।

## ਅਰਜ਼ੀ

1. **ਪੂਰਾ ਨਾਮ:** ______________________
2. **ਘਰ ਦਾ ਫੋਨ ਨੰਬਰ:** ______________________
3. **ਸੈੱਲ ਫੋਨ ਨੰਬਰ:** ______________________
4. **ਈ-ਮੇਲ ਪਤਾ:** ______________________
5. **ਡਾਕ ਪਤਾ:** ______________________
6. **ਨਸਲ/ਜਾਤ:** ______________________
7. **ਲਿੰਗ ਪਛਾਣ:** ______________________
8. **ਘਰ ਵਿੱਚ ਬੋਲੀ ਜਾਂਦੀ ਭਾਸ਼ਾ(ਵਾਂ):** ______________________
9. **ਕੀ ਤੁਸੀਂ ਕਿਸੇ ਅਪੰਗਤਾ ਵਾਲੇ ਵਿਅਕਤੀ ਵਜੋਂ ਪਛਾਣ ਰੱਖਦੇ ਹੋ?**
   - ☐ ਹਾਂ
   - ☐ ਨਹੀਂ
   - ☐ ਹੋਰ:
10. **ਕਿੱਤਾ (ਕਿਰਪਾ ਕਰਕੇ ਸ਼ਹਿਰ ਸ਼ਾਮਲ ਕਰੋ):** ______________________
11. **ਕੀ ਅਤੀਤ ਵਿੱਚ ਤੁਸੀਂ Bellevue ਸ਼ਹਿਰ ਦੇ ਨਾਲ ਕਿਸੇ ਹੋਰ ਵਾਲੰਟੀਅਰ ਜਾਂ ਨਿਯੁਕਤ ਅਹੁਦੇ 'ਤੇ ਸ਼ਾਮਿਲ ਰਹੇ ਹੋ? ਜੇ ਹਾਂ, ਤਾਂ ਕਿਹੜਾ?**

| |
|---|
| |

*12 ਤੋਂ 14 ਤੱਕ ਸਵਾਲਾਂ ਲਈ, ਕਿਰਪਾ ਕਰਕੇ ਆਪਣੇ ਜਵਾਬ ਨੂੰ ਵੱਧ ਤੋਂ ਵੱਧ ਇੱਕ ਪੈਰਾਗ੍ਰਾਫ ਤੱਕ ਸੀਮਤ ਕਰੋ। ਤੁਸੀਂ ਦੋ ਮਿੰਟਾਂ ਤੱਕ ਸੀਮਿਤ ਕੋਈ ਵੀਡੀਓ (.mov) ਜਾਂ ਵੌਇਸ ਰਿਕਾਰਡਿੰਗ (.mph) ਜਵਾਬ ਨੂੰ mjjohnson@bellevuewa.gov 'ਤੇ ਈਮੇਲ ਵੀ ਕਰ ਸਕਦੇ ਹੋ।*

**12. ਕਿਰਪਾ ਕਰਕੇ ਦੱਸੋ ਕਿ ਤੁਸੀਂ CCC ਵਿਖੇ ਸੇਵਾ ਕਰਨ ਵਿੱਚ ਦਿਲਚਸਪੀ ਕਿਉਂ ਰੱਖਦੇ ਹੋ। ਤੁਹਾਡੇ ਹੰਡਾਏ ਅਨੁਭਵ ਅਤੇ ਪਿਛੋਕੜ ਨੇ ਨਸਲੀ ਨਿਆਂ ਅਤੇ ਵਿਭਿੰਨਤਾ, ਬਰਾਬਰੀ ਅਤੇ ਸ਼ਮੂਲੀਅਤ ਦੀ ਤੁਹਾਡੀ ਸਮਝ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?**

| |
|---|
| |

**13. ਤੁਸੀਂ ਕਿਹੜੇ ਮੁੱਖ ਮੁੱਦਿਆਂ ਬਾਰੇ ਸਭ ਤੋਂ ਵੱਧ ਭਾਵੁਕ ਹੋ ਅਤੇ ਤੁਸੀਂ Bellevue ਦੇ ਕਾਲੇ, ਸਵਦੇਸ਼ੀ ਅਤੇ ਰੰਗੀਨ ਭਾਈਚਾਰਿਆਂ ਦੇ ਲੋਕਾਂ ਸੰਬੰਧੀ ਕਿਹੜੇ ਮੁੱਦਿਆਂ ਬਾਰੇ ਸਭ ਤੋਂ ਵੱਧ ਚਿੰਤਤ ਹੋ?**

| |
|---|
| |

14. **ਤੁਹਾਡੀ ਸੋਚ ਮੁਤਾਬਿਕ ਸਾਡੇ ਨਾਲ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਤੁਸੀਂ CCC ਵਿੱਚ ਕਿਹੜੇ ਹੁਨਰ, ਸਰੋਤ, ਨੈੱਟਵਰਕ ਅਤੇ/ਜਾਂ ਅਨੁਭਵ ਲਿਆ ਸਕਦੇ ਹੋ?**

| |
|---|
| |

**ਸਮੇਂ ਦੀ ਸੀਮਾਂ:** 3 ਜਨਵਰੀ, 2023, ਰਾਤ ਦੇ 11:59 ਵਜੇ PST

**ਇਸ ਦੁਆਰਾ ਜਮ੍ਹਾਂ ਕਰੋ:**

- **ਈਮੇਲ:** mjjohnson@bellevuewa.gov
- **ਡਾਕ ਪਤਾ:**

  Marcus Johnson
  450 110th Ave. NE
  P.O. Box 90012
  Bellevue, WA 98009-9012

**ਸਵਾਲਾਂ, ਅਨੁਕੂਲਤਾਵਾਂ, ਅਨੁਵਾਦਾਂ ਲਈ:** mjjohnson@bellevuewa.gov ਜਾਂ 425-623-5089